BRAMPTON Flower City brampton.ca

Service and Information Update

2 ਮਈ, 2018

# ਇਸ ਵੀਕੈਂਡ ਜੇਨਸ ਵਾਕ ਗਾਈਡ ਵਾਲੇ ਟੂਰਾਂ ਦੇ ਨਾਲ ਆਪਣਾ ਸ਼ਹਿਰ ਦੇਖੋ

**ਬ੍ਰੈਂਪਟਨ, ਓਨਟੈਰੀਓ** – ਜਿਵੇਂ ਕਿ ਸਿਟੀ ਆਫ ਬ੍ਰੈਂਪਟਨ (City of Brampton) ਅੰਤਰਰਾਸ਼ਟਰੀ ਜੇਨਸ ਵਾਕ ਫੈਸਟੀਵਲ (Jane's Walk Festival) ਮਨਾ ਰਹੀ ਹੈ, ਨਿਵਾਸੀਆਂ ਨੂੰ 5, 6 ਅਤੇ 7 ਮਈ ਨੂੰ ਗਾਈਡ ਵਾਲੇ ਮੁਫ਼ਤ ਪੈਦਲ ਟੂਰਾਂ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ।

ਸ਼ਹਿਰੀ ਐਕਟੀਵਿਸਟ ਜੇਨ ਜੈਕਬਸ (Jane Jacobs) ਦੀ ਯਾਦ ਵਿੱਚ ਸਥਾਪਤ, ਜੇਨਸ ਵਾਕ ਸੈਰ ਕਰਦੇ ਸਮੇਂ ਦੀਆਂ ਗੱਲਬਾਤਾਂ ਹਨ, ਜੋ ਲੋਕਾਂ ਨੂੰ ਉਹ ਕਹਾਨੀਆਂ ਸਾਂਝਾ ਕਰਨ ਦਾ ਮੌਕਾ ਦਿੰਦੀਆਂ ਹਨ, ਜੋ ਉਹ ਆਪਣੇ ਭਾਈਚਾਰੇ ਦੇ ਨਵੇਂ ਪੱਖਾਂ ਬਾਰੇ ਖੋਜਦੇ ਹਨ। **ਬ੍ਰੈਂਪਟਨ ਵਿੱਚ ਚਾਰ ਸੈਰਾਂ ਦਾ ਆਯੋਜਨ ਹੋ ਰਿਹਾ ਹੈ:**

**ਮਾਊਂਟ ਪਲੈਜ਼ੈਂਟ ਵਿਲੇਜ (Mount Pleasant Village)**

ਤਾਰੀਖ: ਸ਼ਨੀਵਾਰ, 5 ਮਈ

ਸਮਾਂ: ਦੁਪਹਿਰ ਬਾਅਦ 1:30 – 2:30 ਵਜੇ ਤੱਕ

ਸਥਾਨ: ਬ੍ਰੈਂਪਟਨ ਲਾਇਬ੍ਰੇਰੀ (Brampton Library), ਮਾਊਂਟ ਪਲੈਜ਼ੈਂਟ ਵਿਲੇਜ ਸਕਵੇਅਰ (Mount Pleasant Village Square) (100 ਕਮਿਊਟਰ ਡ੍ਰਾਈਵ (Commuter Drive)) ਅਗਲੇ ਪ੍ਰਵੇਸ਼-ਦੁਆਰ ਵਿਖੇ ਮਿਲੋ

ਮਾਊਂਟ ਪਲੈਜ਼ੈਂਟ ਵਿਲੇਜ ਇੱਕ ਟ੍ਰਾਂਜ਼ਿਟ-ਅਨੁਕੂਲਿਤ ਸ਼ਹਿਰੀ ਵਿਲੇਜ ਹੈ, ਜੋ ਜੇਨ ਜੈਕਬ ਦੇ ਤੁਰਨਯੋਗ, ਮਿਸ਼ਰਿਤ-ਵਰਤੋਂ, ਪੂਰਨ ਭਾਈਚਾਰਿਆਂ ਦੇ ਸਿਧਾਂਤਾਂ ਦੇ ਮੁਤਾਬਕ ਯੋਜਨਾਬੱਧ, ਤਿਆਰ ਕੀਤਾ ਅਤੇ ਬਣਾਇਆ ਗਿਆ ਹੈ। ਇਹ ਟੂਰ ਖੇਤਰ ਦੇ ਇਤਿਹਾਸ ਅਤੇ ਵਿਰਸੇ, ਭਾਈਚਾਰਕ ਸੁਵਿਧਾ ਕੇਂਦਰ, ਰਿਹਾਇਸ਼ੀ ਅਤੇ ਵਿਵਸਾਇਕ ਵਿਕਾਸ ਦੇ ਮਿਸ਼ਰਣ ਅਤੇ ਹੋਰ ਭਾਈਚਾਰਕ ਪੱਖਾਂ ਦਾ ਨੇੜਿਓਂ ਨਿਰੀਖਣ ਕਰੇਗਾ।

**ਬ੍ਰੈਮਲੀ (Bramalea)**

ਤਾਰੀਖ: ਐਤਵਾਰ, 6 ਮਈ

ਸਮਾਂ: ਸਵੇਰੇ 10 ਵਜੇ – ਦੁਪਹਿਰ 12 ਵਜੇ ਤੱਕ

ਸਥਾਨ: ਡਿਕਸੀ ਰੋਡ (Dixie Road) ਦੇ ਸਾਊਥਈਸਟ ਦੇ ਕੋਨੇ ਅਤੇ ਕਵੀਨ ਸਟ੍ਰੀਟ ਈਸਟ (Queen Street East) (ਸਟਾਰਬਕਸ (Starbucks) ਦੇ ਸਾਹਮਣੇ) ਮਿਲੋ

20ਵੀਂ ਸਦੀ ਦੇ ਮੱਧ ਵਿੱਚ, ਬ੍ਰੈਮਲੀ ਆਪਣੇ ਖੁਦ ਦੇ ਸੇਵਾ ਅਤੇ ਵਿਵਸਾਇਕ ਕੇਂਦਰਾਂ ਦੇ ਨਾਲ, ਕੈਨੇਡਾ ਦੇ ਪਹਿਲੇ ਸੈਟੇਲਾਈਟ ਸ਼ਹਿਰ ਦੇ ਤੌਰ 'ਤੇ ਨਵੀਨਤਾਕਾਰੀ ਭਾਈਚਾਰਕ ਡਿਜ਼ਾਈਨ ਦਾ ਇੱਕ ਨਮੂਨਾ ਸੀ। ਬ੍ਰੈਂਪਟਨ 2040 ਦ੍ਰਿਸ਼ਟੀਕੋਣ (Brampton 2040 Vision) ਇੱਕ ਇਨੋਵੇਟਰ (ਕਾਢਕਾਰ) ਦੇ ਤੌਰ 'ਤੇ ਆਪਣੀ ਪ੍ਰੋਫਾਈਲ ਜਾਰੀ ਰੱਖਣ ਲਈ ਬ੍ਰੈਮਲੀ ਵਿੱਚ ਇੱਕ ਅੱਪਡੇਟ ਦਾ ਪ੍ਰਸਤਾਵ ਰੱਖਦਾ ਹੈ, ਖ਼ਾਸ ਕਰਕੇ ਜਦੋਂ ਵਾਤਾਵਰਨ ਸਬੰਧੀ ਸਥਿਰਤਾ ਅਤੇ ਜਿਓਣਯੋਗਤਾ ਦੀ ਗੱਲ ਆਉਂਦੀ ਹੈ। ਇਸ ਟੂਰ ਵਿੱਚ ਬ੍ਰੈਮਲੀ ਦੇ ਸੰਪੰਨ ਇਤਿਹਾਸ 'ਤੇ ਮੁੜ ਵਿਚਾਰ ਕੀਤਾ ਜਾਏਗਾ, ਅਤੇ ਇਸ ਬਾਰੇ ਗੱਲਬਾਤ ਕੀਤੀ ਜਾਏਗੀ ਕਿ ਗਵਾਂਢ ਦੀ ਬਹਾਲੀ ਕਿਹੋ ਜਿਹੀ ਹੋ ਸਕਦੀ ਹੈ।

**ਡਾਉਨਟਾਉਨ ਬ੍ਰੈਂਪਟਨ ਏਟੋਬੀਕੋ ਕ੍ਰੀਕ (Downtown Brampton Etobicoke Creek) ਅਤੇ ਰਿਵਰਵਾਕ (Riverwalk)**

ਤਾਰੀਖ: ਐਤਵਾਰ, 6 ਮਈ

ਸਮਾਂ: ਦੁਪਹਿਰ ਬਾਅਦ 1 – 3 ਵਜੇ ਤੱਕ

ਸਥਾਨ: ਮੇਨ ਸਟ੍ਰੀਟ ਸਾਊਥ (Main Street South) ਦੇ ਨੌਰਥਵੈਸਟ ਕੋਨੇ 'ਤੇ ਅਤੇ ਵੈਲਿੰਗਡਨ ਸਟ੍ਰੀਟ ਵੈਸਟ (Wellington Street West), ਜੋ ਕਿ ਸਿਟੀ ਹਾਲ (City Hall) (2 ਵੈਲਿੰਗਡਨ ਸਟ੍ਰੀਟ ਵੈਸਟ (Wellington Street West)) ਦੇ ਬਿਲਕੁੱਲ ਦੱਖਣ ਵਿੱਚ ਸਥਿਤ ਹੈ, ਵਿਖੇ ਮਿਲੋ

ਇਹ ਟੂਰ ਟਾਊਨ ਨੂੰ ਸਥਾਪਤ ਕਰਨ ਵਿੱਚ ਈਟੋਬੀਕੋਕ ਕ੍ਰੀਕ ਵੱਲੋਂ ਨਿਭਾਈ ਗਈ ਇਤਿਹਾਸਕ ਭੂਮਿਕਾ ਦੇ ਨਾਲ-ਨਾਲ, ਹੜ੍ਹ ਆਉਣ ਦੇ ਇਸਦੇ ਇਤਿਹਾਸ 'ਤੇ ਧਿਆਨ ਕੇਂਦਰਿਤ ਕਰੇਗਾ। ਉੱਥੋਂ ਤੋਂ, ਚਰਚਾ ਹੜ੍ਹ ਨੂੰ ਘੱਟ ਕਰਨ 'ਤੇ ਧਿਆਨ ਦੇਣ ਲਈ ਕੀਤੇ ਜਾ ਰਹੇ ਮੌਜੂਦਾ ਕੰਮ 'ਤੇ ਹੋਵੇਗੀ ਅਤੇ ਡਾਉਨਟਾਉਨ ਦੇ ਕੇਂਦਰ ਵਿੱਚ ਵਿਕਾਸ ਦੀ ਸੰਭਾਵਨਾ ਨੂੰ ਪ੍ਰਗਟ ਕਰੇਗੀ। ਨਾਲ ਹੀ, ਟੂਰ ਵਿੱਚ ਵਿਰਸੇ ਦੀ ਸੰਭਾਲ, ਅਨੁਕੂਲਿਤ ਮੁੜ ਵਰਤੋਂ ਅਤੇ ਵਿਸ਼ੇਸ਼ਤਾ ਸੁਧਾਰ ਦੇ ਉਦਾਹਰਨ ਪੇਸ਼ ਕਰੇਗਾ।

*ਕਿਰਪਾ ਕਰਕੇ ਧਿਆਨ ਦਿਓ:*

- *ਇਸ ਟੂਰ ਵਿੱਚ ਪੌੜੀਆਂ ਅਤੇ ਢਾਲਵੀਆਂ ਚੜ੍ਹਾਈਆਂ ਸ਼ਾਮਲ ਹਨ ਅਤੇ ਕੁਝ ਸੈਕਸ਼ਨ ਸਰੀਰਕ ਸੀਮਾਵਾਂ ਵਾਲੇ ਲੋਕਾਂ ਲਈ ਚੁਣੌਤੀਪੂਰਨ ਹੋ ਸਕਦੇ ਹਨ।*
- *ਪਾਰਕਿੰਗ ਸਿਟੀ ਹਾਲ (City Hall) ਅਤੇ ਜੌਰਜ ਸਟ੍ਰੀਟ (George Street) ਵਿਖੇ ਵੈਸਟ ਟਾਵਰ (West Tower) ਗਰਾਜਾਂ ਵਿੱਚ ਉਪਲਬਧ ਹੈ। ਹਫ਼ਤੇ ਦੇ ਆਖਰੀ ਦਿਨਾਂ ਨੂੰ ਪਾਰਕਿੰਗ ਮੁਫ਼ਤ ਹੈ।*

**ਸ਼ੈਰੀਡਨ ਕਾਲੇਜ (Sheridan College) ਅਤੇ ਅਪਟਾਉਨ ਬ੍ਰੈਂਪਟਨ ਟੂਰ (Uptown Brampton Tour)**

ਤਾਰੀਖ: ਸੋਮਵਾਰ, 7 ਮਈ

ਸਮਾਂ: ਸਵੇਰੇ 9:30 – 11:30 ਵਜੇ ਤੱਕ

ਸਥਾਨ: ਸ਼ੈਰੀਡਨ ਕਾਲੇਜ ਡੇਵਿਸ ਕੈਂਪਸ (Sheridan College Davis Campus) (7899 ਮੈਕਲੌਗਲਿਨ ਰੋਡ (McLaughlin Road)) ਵਿਖੇ "S" ਦੇ ਨਿਸ਼ਾਨ ਵਾਲੀ ਮੂਰਤੀ ਵਿਖੇ ਮਿਲੋ। ਸ਼ੈਰੀਡਨ ਵਿਖੇ ਪਾਰਕਿੰਗ ਬਾਰੇ ਜਾਣਕਾਰੀ ਲਈ, www.sheridancollege.ca/life-at-sheridan/campus-services/parking/faqs 'ਤੇ ਜਾਓ

ਪ੍ਰਸਿੱਧ ਸ਼ਹਿਰੀ ਵਿਜਨਰੀ (ਸ਼ਹਿਰ ਦੀ ਬਿਹਤਰੀ ਲਈ ਸੁਪਨੇ ਦੇਖਣ ਵਾਲਾ) ਲੈਰੀ ਬੀਸਲੀ (Larry Beasley) ਦੀ ਅਗਵਾਨੀ ਵਿੱਚ, ਇਹ ਸੂਚਨਾਤਮਕ ਸੈਰ ਵਾਲਾ ਟੂਰ ਅਤੇ ਗੱਲਬਾਤ ਸਾਡੇ ਭਾਈਚਾਰੇ ਦੇ ਸਾਰੇ ਖੇਤਰਾਂ ਵਿੱਚ ਕਾਰਵਾਈ ਲਈ ਪ੍ਰੇਰਿਤ ਕਰੇਗੀ। ਇਹ ਸ਼ੈਰੀਡਨ ਕਾਲੇਜ (Sheridan College) ਦੇ ਡਿਸਟ੍ਰਿਕਟ ਐਨਰਜੀ (District Energy) ਪ੍ਰੋਜੈਕਟ ਦੇ ਨਾਲ ਸ਼ੁਰੂ ਹੋਵੇਗਾ, ਜਿਸਦੇ ਬਾਅਦ ਬ੍ਰੈਂਪਟਨ 2040 ਦ੍ਰਿਸ਼ਟੀਕੋਣ (Brampton 2040 Vision) ਦੇ ਖੇਤਰ ਦੀ ਸੈਰ ਕੀਤੀ ਜਾਏਗੀ, ਜਿਸਨੂੰ “ਅਪਟਾਉਨ ਬ੍ਰੈਂਪਟਨ” (“Uptown Brampton”) ਦੇ ਤੌਰ ‘ਤੇ ਮੁੜ ਬਹਾਲ ਕੀਤਾ ਗਿਆ ਹੈ। ਇਹ ਟੂਰ ਹੁਰੋਨਟੈਰੀਓ (Hurontario) ਅਤੇ ਸਟੀਲਸ (Steeles) ਵਿਖੇ ਗੇਟਵੇ ਟ੍ਰਾਂਜ਼ਿਟ ਟਰਮੀਨਲ (Gateway Transit Terminal) ਦੇ ਬਿਲਕੁੱਲ ਬਾਹਰ ਖ਼ਤਮ ਹੋਵੇਗਾ, ਇਹ ਬ੍ਰੈਂਪਟਨ ਦੇ ਮੁੱਖ ਲਾਂਘਿਆਂ ਵਿੱਚੋਂ ਇੱਕ ਹੈ।

-30-

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca